

ਬਲਕਾਰ ਔਲਖ
+91 94630–16152

ਬਲਕਾਰ ਔਲਖ ਪੰਜਾਬੀ ਗ਼ਜ਼ਲ ਦਾ ਪਰਪੱਕ ਸ਼ਾਇਰ ਹੈ। ਬਲਕਾਰ ਔਲਖ ਦਾ ਜਨਮ ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਸੁਨਾਮ ਦੇ ਪਿੰਡ ਸਫ਼ੀਰਪੁਰ ਕਲਾਂ ਵਿੱਚ 05 ਫਰਵਰੀ 1980 ਈ. ਨੂੰ ਇੱਕ ਸਧਾਰਨ ਪਰਿਵਾਰ ਵਿੱਚ ਹੋਇਆ। ਪਰੰਤੂ ਬਲਕਾਰ ਔਲਖ ਨੇ ਆਪਣੀ ਅਸਧਾਰਨ ਮਿਹਨਤ ਨਾਲ ਜਿੱਥੇ ਪਾਕਿਸਤਾਨੀ ਪੰਜਾਬੀ ਗ਼ਜ਼ਲ ਨੂੰ ਅਧਿਐਨ ਵਿਸ਼ਾ ਬਣਾਉਂਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪੀਐੱਚ. ਡੀ. ਦੀ ਡਿਗਰੀ ਹਾਸਿਲ ਕਰਕੇ, ਪਬਲਿਕ ਕਾਲਜ ਸਮਾਣਾ ਵਿਖੇ ਬਤੌਰ ਸਹਾਇਕ ਪ੍ਰੋਫੈਸਰ ਅਧਿਆਪਨ ਨੂੰ ਕਿੱਤੇ ਵਜੋਂ ਅਪਣਾਇਆ ਹੋਇਆ ਹੈ, ਉੱਥੇ ਹੀ ਉਸਨੇ ਪੰਜਾਬੀ ਗ਼ਜ਼ਲ ਸਾਹਿਤ ਨੂੰ ਹੋਰ ਅਮੀਰ ਬਣਾਉਣ ਲਈ ਸ਼ਾਹਮੁਖੀ ਤੋਂ ਗੁਰਮੁਖੀ ਵਿੱਚ ਲਿਪੀਅੰਤਰਣ ਦੇ ਨਾਲ-ਨਾਲ ਮੌਲਿਕ ਗ਼ਜ਼ਲਾਂ ਦੀ ਸਿਰਜਣਾ ਵੀ ਕੀਤੀ ਹੈ, ਜੋ ਉਸਦੇ ਪੰਜਾਬੀ ਗ਼ਜ਼ਲ ਪ੍ਰਤੀ ਸਮਰਪਣ ਦਾ ਪ੍ਰਮਾਣ ਹੈ। ਹੁਣ ਤੱਕ ਉਸ ਵੱਲੋਂ ਸ਼ਾਹਮੁਖੀ ਤੋਂ ਗੁਰਮੁਖੀ ਵਿੱਚ ਲਿੱਪੀਅੰਤਰਣ ਕੀਤੀਆਂ ਕਿਤਾਬਾਂ ਵਿੱਚ 'ਸਰਕਾਰਾਮਾ : ਬਾਬਾ ਨਜ਼ਮੀ', 'ਚੁੱਪ ਦਾ ਮੌਸਮ : ਤੁਫ਼ੈਲ ਖ਼ਲਿਸ਼, 'ਚੁੱਪ ਤੋਂ ਬਾਅਦ': ਅਲੀ ਬਾਬਰ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਉਸਦੀ ਮੌਲਿਕ ਗ਼ਜ਼ਲਾਂ ਦੀ ਕਿਤਾਬ 'ਖ਼ਤਾਂ ਦੇ ਢੇਰ ਨਹੀਂ ਹੁੰਦੇ' ਜਲਦ ਹੀ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਹੱਥਾਂ ਵਿੱਚ ਹੋਵੇਗੀ ਅਤੇ ਪਾਠਕ, ਗ਼ਜ਼ਲ ਲਿਖ਼ਣ ਵਾਲੇ ਬਲਕਾਰ ਔਲਖ ਨੂੰ ਨਹੀਂ ਬਲਕਿ ਗ਼ਜ਼ਲ ਨੂੰ ਜਿਉਂਣ ਵਾਲੇ ਬਲਕਾਰ ਔਲਖ ਦੀ ਸ਼ਾਇਰੀ ਦਾ ਆਨੰਦ ਮਾਣਨਗੇ। 'ਖ਼ਤਾਂ ਦੇ ਢੇਰ ਨਈਂ ਹੁੰਦੇ' ਕਿਤਾਬ ਵਿੱਚੋਂ ਹੀ ਕੁੱਝ ਗ਼ਜ਼ਲਾਂ ਅਸੀਂ ਆਪਣੇ ਪਾਠਕਾਂ ਦੇ ਸਨਮੁੱਖ ਕਰਦੇ ਹੋਏ ਖੁਸ਼ੀ ਮਹਿਸੂਸ ਕਰ ਰਹੇ ਹਾਂ।

**ਸੰਪਾਦਕ**

1.

ਰਸਤਾ ਰਹਾਂ ਮੈਂ ਦੇਖਦਾ, ਨਿੱਤ ਵਗਦੀ ਪੌਣ ਦਾ।
ਜਦ ਤੋਂ ਬਹਾਰ ਕਰ ਗਈ, ਵਾਅਦਾ ਹੈ ਆਉਣ ਦਾ।

ਜੰਮਿਆ ਨਹੀਂ ਵਿਕਾਸ ਹਾਲੇ, ਟਿਕੀ ਨੀਂਹ ਨਹੀਂ,
ਚਾਅ ਮੰਤਰੀ ਨੂੰ ਚੜ੍ਹ ਗਿਆ, ਖ਼ੁਸਰੇ ਨਚਾਉਣ ਦਾ।

ਦੰਮੜੇ ਦੇ ਪਿੱਛੇ ਦੌੜਦੇ ਉਹ ਦਮ ਨਈਂ ਲੈ ਰਹੇ,
ਕਰਦਾ ਖ਼ਿਆਲ ਕੌਣ ਬਿਰਖਾਂ ਨੂੰ ਬਚਾਉਣ ਦਾ।

ਤੇਰੇ ਖ਼ਤ ਦੀ ਮਹਿਕ ਸੰਗ ਹਰ ਕੋਨਾ ਮਹਿਕਿਆ,
ਕਮਰੇ ਮੇਰੇ ਵਿਚ ਜ਼ਿਕਰ ਸੀ ਪਤਝੜ ਦੇ ਆਉਣ ਦਾ।

ਸੁਪਨੇ ਜਦੋਂ ਨੇ ਬਦਲਦੇ ਲਾਸ਼ਾਂ ਦੇ ਢੇਰ ਵਿਚ,
ਹਾਕਮ ਦੇ ਮਨ ’ਚ ਜਸ਼ਨ ਹੈ ਕਬਰਾਂ ’ਤੇ ਗਾਉਣ ਦਾ।

2.

ਰੰਗ ਕੇ ਧਰਤੀ ਨੂੰ, ਖ਼ੁਦ ਬੇਨੂਰ ਹੀ ਹੁੰਦੇ ਗਏ।
ਹਰ ਮੁਸੀਬਤ ਸਾਹਮਣੇ ਮਜ਼ਦੂਰ ਹੀ ਹੁੰਦੇ ਗਏ।

ਰਿਸ ਰਿਹੈ ਮਜ਼ਦੂਰ ਦੀ ਹਰ ਪੈੜ ਦੇ ਵਿੱਚੋਂ ਲਹੂ,
ਜ਼ਖ਼ਮ ਹਾਕਮ ਤੋਂ ਮਿਲੇ ਨਾਸੂਰ ਹੀ ਹੁੰਦੇ ਗਏ।

ਦੱਸ ਕਿੱਦਾਂ ਸੰਭਲ਼ਦੇ ਸ਼ੀਸ਼ੇ ਜਿਹੀ ਤਾਸੀਰ ਸੀ,
ਤਿੜਕਿਆ ਵਿਸ਼ਵਾਸ ਫਿਰ ਤਾਂ ਚੂਰ ਹੀ ਹੁੰਦੇ ਗਏ।

ਨੇੜਤਾ ਕਾਇਮ ਰਹੀ ਇਹ ਗੱਲ ਸੀ ਬਸ ਕਹਿਣ ਦੀ,
ਦੂਰ ਜਾ ਕੇ ਦਿਲ ਦੇ ਮਹਿਰਮ ਦੂਰ ਹੀ ਹੁੰਦੇ ਗਏ।

ਸੜ ਗਏ ਪਰ ਬੱਦਲਾਂ ਅੱਗੇ ਕਰੀ ਫਰਿਆਦ ਨਾ,
ਥਲ ਮੇਰੇ ਮਗ਼ਰੂਰ ਸੀ ਮਗ਼ਰੂਰ ਹੀ ਹੁੰਦੇ ਗਏ।

ਸੁਪਨਿਆਂ ਵਿਚ ਸੂਲੀਆਂ ਸਨ, ਜ਼ਿੰਦਗੀ ਵੀ ਤਲਖ਼ ਸੀ,
ਜੀਣ ਲਈ ਮਰਨਾ ਪਿਆ ਮਨਸੂਰ ਹੀ ਹੁੰਦੇ ਗਏ।

3.

ਤੈਨੂੰ ਭਾਵੇਂ ਜੇਤੂ ਸਾਰੇ ਚੇਤੇ ਨੇ।
ਮੈਨੂੰ ਸਮਿਆਂ ਹੱਥੋਂ ਹਾਰੇ ਚੇਤੇ ਨੇ।

ਜਿੱਥੇ-ਜਿੱਥੇ ਚੁੱਪ ਵੱਟੀ ਤੂੰ ਭੁੱਲ ਗਿਆਂ,
ਮੈਨੂੰ ਤੇਰੇ ਸਿਰਫ਼ ਹੁੰਗਾਰੇ ਚੇਤੇ ਨੇ।

ਵਸਲ, ਵਿਛੋੜਾ, ਹੰਝੂ, ਗ਼ੈਰਾਂ ਦੀ ਮਹਿੰਦੀ,
ਚਾਰੇ ਭੁੱਲਣੇ ਸੀ ਤੇ ਚਾਰੇ ਚੇਤੇ ਨੇ।

ਪੱਥਰ ਭਾਵੇਂ ਨਿੱਤ ਹੀ ਸਾਹਵੇਂ ਖੜ੍ਹਦੇ ਨੇ,
ਸ਼ੀਸ਼ੇ ਨੂੰ ਪਰ ਅਜ ਤਕ ਪਾਰੇ ਚੇਤੇ ਨੇ।

ਤਾਂ ਹੀ ਕੱਟ ਲਏ ਇਕਲਾਪੇ ਸਦੀਆਂ ਦੇ,
ਦਿਨ ਉਹ ਸੱਜਣਾਂ ਨਾਲ ਗੁਜ਼ਾਰੇ ਚੇਤੇ ਨੇ।

ਜਿਸ ਨੂੰ ਮੇਰੇ ਵਾਅਦੇ ਵੀ ਨਾ ਯਾਦ ਰਹੇ,
ਮੈਨੂੰ ਉਸਦੇ ਸਾਰੇ ਲਾਰੇ ਚੇਤੇ ਨੇ।

4.

ਜਜ਼ਬਿਆਂ ਵਿਚ ਡੁੱਬਣਾ ਨਈਂ ਪਾਰ ਕਰਕੇ ਵੇਖਣਾ।
ਉਸਨੂੰ ਭਾਵੇਂ ਨਾ ਜਚਾਂ ਇਜ਼ਹਾਰ ਕਰਕੇ ਵੇਖਣਾ।

ਸ਼ੀਸ਼ਿਆਂ ਨੂੰ ਉਹਨਾਂ ਦੀ ਔਕਾਤ ਦਿੰਦਾ ਹੈ ਵਿਖਾ,
ਉਸਦਾ ਮੇਰੇ ਰੂਬਰੂ ਸ਼ਿੰਗਾਰ ਕਰਕੇ ਵੇਖਣਾ।

ਮਜਨੂੰਆਂ ਨੂੰ ਵੀ ਮੇਰੇ ’ਤੇ ਰਸ਼ਕ ਹੋਵੇਗਾ ਕਦੇ,
ਏਸ ਹਦ ਤੀਕਰ ਮੈਂ ਤੈਨੂੰ ਪਿਆਰ ਕਰਕੇ ਵੇਖਣਾ।

ਓਸ ਦਿਨ ਮੈਂ ਮਰ ਗਿਆ ਵਾਅਦੇ ਜਦੋਂ ਤੋੜੇ ਗਏ,
ਜਾਨ ਮੇਰੀ ਲੈ ਗਿਆ ਇਤਬਾਰ ਕਰਕੇ ਵੇਖਣਾ।

ਆਪਣੀ ਹਓਮੈ ਦੇ ਘੇਰੇ ਵਿਚ ਸਿਮਟਕੇ ਰਹਿ ਗਿਆ,
ਮੈਂ ਸੀ ਜਿਸਨੂੰ ਆਪਣਾ ਸੰਸਾਰ ਕਰਕੇ ਵੇਖਣਾ।

ਉਸਨੂੰ ਮਿਲਕੇ ਵਿਛੜਨਾ ਤਾਂ ਇਸ ਤਰ੍ਹਾਂ ਹੀ ਹੈ ਜਿਵੇਂ,
ਜ਼ਿੰਦਗੀ ’ਤੇ ਮੌਤ ਨੂੰ ਇਕਸਾਰ ਕਰਕੇ ਵੇਖਣਾ।

ਇਹ ਨਿਰਾਸ਼ਾ ਤੇ ਉਦਾਸੀ ਜਸ਼ਨ ਵਿਚ ਬਦਲੇਗੀ ਫਿਰ,
ਇਸ਼ਕ ਜੇ ਕੀਤਾ ਨਹੀਂ ਤਾਂ ਯਾਰ ਕਰਕੇ ਵੇਖਣਾ।

ਉਹਦੀ ਖ਼ਾਤਰ ਆਪਣੀ ਤੂੰ ਜਾਨ ਵਾਰਨ ਤਕ ਗਿਆ,
ਏਸ ਤੋਂ ਵੱਧ ਹੋਰ ਕੀ ‘ਬਲਕਾਰ’ ਕਰਕੇ ਵੇਖਣਾ।